
# ਜਮਾਤ -6ਵੀਂ ਪੜਨਾਂਵ

**ਪਰਿਭਾਸ਼ਾ**-ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ,ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ,

ਜਿਵੇਂ:- ਮੈਂ, ਅਸੀਂ, ਤੁਸੀਂ, ਉਹ ਆਦਿ।

## ਪੜਨਾਂਵ ਦੀਆਂ ਕਿਸਮਾਂ




### ਪੜਨਾਂਵ ਛੇ ਪ੍ਰਕਾਰ ਦੇ ਹੁੰਦੇ ਹਨ:-

1. ਪੁਰਖ-ਵਾਚਕ ਪੜਨਾਂਵ:-

(ੳ) ਉੱਤਮ ਪੁਰਖ:- ਗੱਲ ਕਰਨ ਵਾਲ਼ਾ -
ਮੈਂ, ਮੈਨੂੰ, ਅਸੀਂ, ਸਾਡਾ ਆਦਿ।

(ਅ) ਮੱਧਮ ਪੁਰਖ:- ਜਿਸ ਨਾਲ਼ ਗੱਲ ਕੀਤੀ ਜਾਵੇ -
ਤੂੰ, ਤੁਸੀਂ, ਤੇਰਾ, ਤੁਹਾਡਾ ਆਦਿ।

(ੲ) ਅੱਨਯ ਪੁਰਖ:- ਜਿਸ ਬਾਰੇ ਗੱਲ ਕੀਤੀ ਜਾਵੇ -
ਇਹ, ਉਹ, ਉਹਨਾਂ, ਇਹਨਾਂ ਆਦਿ।

2. ਨਿੱਜ-ਵਾਚਕ ਪੜਨਾਂਵ:-ਕਰਤਾ ਦੇ ਨਾਲ਼ ਆ ਕੇ ਕਰਤਾ ਦੀ ਥਾਂ ਵਰਤਿਆ ਜਾਣ ਵਾਲ਼ਾ-
ਆਪਣੇ-ਆਪ, ਖੁਦ, ਆਪਸ, ਆਪ ਆਦਿ।

3. ਨਿਸ਼ਚੇ-ਵਾਚਕ ਪੜਨਾਂਵ:-ਕਿਸੇ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ ਉਸ ਦੇ ਨਾਂ ਲਈ-
ਇਹ, ਅਹੁ, ਇਸ ਦਾ, ਉਸ ਦਾ ਆਦਿ।

4. ਅਨਿਸ਼ਚੇ-ਵਾਚਕ ਪੜਨਾਂਵ:-ਕਿਸੇ ਵਸਤੂ ਦਾ ਅੰਦਾਜ਼ਾ ਦੱਸਣ ਲਈ ਵਰਤੇ ਜਾਂਦੇ ਪੜਨਾਂਵ-
ਕੋਈ, ਸਾਰੇ, ਅਨੇਕ, ਕਈ, ਕੁਝ ਆਦਿ।

5. ਸੰਬੰਧ-ਵਾਚਕ ਪੜਨਾਂਵ:-ਯੋਜਕ ਦੀ ਤਰ੍ਹਾਂ ਵਾਕਾਂ ਨੂੰ ਜੋੜਨ ਲਈ ਵਰਤੇ ਜਾਣ ਵਾਲ਼ੇ-
ਜੋ, ਜਿਸ ਨੇ, ਜਿਹੜੇ, ਜਿਵੇਂ, ਓਵੇਂ ਆਦਿ।

6. ਪ੍ਰਸ਼ਨ-ਵਾਚਕ ਪੜਨਾਂਵ:- ਪੁੱਛ-ਗਿੱਛ ਲਈ ਵਰਤੇ ਜਾਣ ਵਾਲ਼ੇ-
ਕੌਣ, ਕਿਸ ਨੇ, ਕਿੱਥੇ, ਕਿਹੜਾ ਆਦਿ।

## ਅਭਿਆਸ

1) ਹੇਠ ਲਿਖਿਆਂ ਵਿੱਚੋਂ ਪੜਨਾਂਵ ਚੁਣੋ ਤੇ ਕਿਸਮ ਵੀ ਦੱਸੋ:

ੳ) ਮਿਰਚ, ਫੁੱਲ, ਦਿੱਲੀ, ਆਪ __________ __________

ਅ) ਜੋ, ਲੜਕੀ, ਜੱਗ, ਕੱਪੜਾ __________ __________

ੲ) ਜਮਾਤ, ਕੋਈ, ਘਰ, ਗਿਆ __________ __________

ਸ) ਵੱਧ, ਇਸ ਦਾ, ਅਨੁਸਾਰ, ਲੱਕੜ __________ __________

ਹ) ਤੁਸੀਂ, ਈਰਖਾ, ਵਿੱਚ, ਘੱਟ __________ __________

ਹ) ਤੁਸੀਂ, ਈਰਖਾ, ਵਿੱਚ, ਘੱਟ __________ __________

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਦੇਧਨਾ (ਪਟਿ:) 99886-43700

# ਜਮਾਤ –6ਵੀਂ

# ਬਹੁਤੇ ਸਬਦਾਂ ਦੀ ਥਾਂ ਇੱਕ ਸ਼ਬਦ

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਢੇਪਲਾ (ਪਟਿ:) 99886-43700

| | | |
|---|---|---|
| 1. | ਉਹ ਪਾਠ ਜੋ ਸ਼ੁਰੂ ਤੋਂ ਲੈ ਕੇ ਅੰਤ ਤੱਕ ਅਰੁੱਕ ਕੀਤਾ ਜਾਵੇ | ਅਖੰਡ-ਪਾਠ |
| 2. | ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ | ਅਖਾੜਾ |
| 3. | ਉਹ ਥਾਂ ਜੋ ਸਭ ਦੀ ਸਾਂਝੀ ਹੋਵੇ | ਸ਼ਾਮਲਾਟ |
| 4. | ਉਹ ਪੁਸਤਕ ਜਿਸ ਵਿੱਚ ਲਿਖਾਰੀ ਵੱਲੋਂ ਆਪਣੀ ਜੀਵਨੀ ਲਿਖੀ ਹੋਵੇ | ਸ੍ਵੈਜੀਵਨੀ |
| 5. | ਉਹ ਪੁਸਤਕ ਜਿਸ ਵਿੱਚ ਲਿਖਾਰੀ ਨੇ ਕਿਸੇ ਹੋਰ ਵਿਅਕਤੀ ਦੀ ਜੀਵਨੀ ਲਿਖੀ ਹੋਵੇ | ਜੀਵਨੀ |
| 6. | ਉਹ ਅਖ਼ਬਾਰ ਜੋ ਹਫ਼ਤੇ ਬਾਅਦ ਨਿਕਲੇ | ਸਪਤਾਹਿਕ |
| 7. | ਉਹ ਮੁੰਡਾ/ਕੁੜੀ ਜਿਸ ਦਾ ਵਿਆਹ ਨਾ ਹੋਇਆ ਹੋਵੇ | ਕੁਆਰਾ/ਕੁਆਰੀ |
| 8. | ਉਹ ਵਿਅਕਤੀ ਜੋ ਹੱਥ ਨਾਲ਼ ਮੂਰਤਾਂ ਬਣਾਵੇ | ਚਿੱਤਰਕਾਰ |
| 9. | ਉਹ ਥਾਂ ਜਿੱਥੋਂ ਚਾਰੇ ਪਾਸਿਆਂ ਵੱਲ ਰਸਤੇ ਨਿਕਲ਼ਦੇ ਹੋਣ | ਚੁਰਸਤਾ |
| 10. | ਉਹ ਥਾਂ ਜਿੱਥੇ ਘੋੜੇ ਬੱਝਦੇ ਹੋਣ | ਤਬੇਲਾ |
| 11. | ਉਹ ਧਰਤੀ ਜਿਸ ਵਿੱਚ ਕੋਈ ਫ਼ਸਲ ਨਾ ਉਗਾਈ ਜਾ ਸਕਦੀ ਹੋਵੇ | ਬੰਜਰ |
| 12. | ਉਹ ਧਰਤੀ ਜਿੱਥੇ ਦੂਰ ਤੱਕ ਰੇਤ ਹੀ ਰੇਤ ਹੋਵੇ | ਮਾਰੂਥਲ |
| 13. | ਉੱਚੇ ਤੇ ਸੁੱਚੇ ਆਚਾਰ ਵਾਲ਼ਾ | ਸਦਾਚਾਰੀ |
| 14. | ਆਗਿਆ ਦਾ ਪਾਲਣ ਕਰਨ ਵਾਲ਼ਾ | ਆਗਿਆਕਾਰੀ |
| 15. | ਆਪਣਾ ਉੱਲੂ ਸਿੱਧਾ ਕਰਨ ਵਾਲ਼ਾ | ਸੁਆਰਥੀ |

## ਅਖਾਣ (1 ਤੋਂ 5)

1. **ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲ਼ੀ** - (ਇਹ ਅਖਾਣ ਹਰ ਥਾਂ ਮੌਜੂਦ ਰਹਿਣ ਵਾਲੇ ਵਿਅਕਤੀ ਲਈ ਵਰਤਿਆ ਜਾਂਦਾ ਹੈ) ਸੁਨੀਲ ਨੂੰ ਸਵੇਰੇ ਮੈਂ ਬਜ਼ਾਰ ਮਿਲਿਆ, ਸ਼ਾਮੀਂ ਗੁਰਦਵਾਰੇ ਫਿਰਦਾ ਸੀ। ਰਾਤ ਵੇਲ਼ੇ ਸਰਪੰਚ ਦੇ ਘਰ ਵਿਆਹ 'ਤੇ ਵੀ ਪੁੱਜਿਆ ਹੋਇਆ ਸੀ, ਉਸ ਨੂੰ ਵੇਖ ਕੇ ਮੈਂ ਕਿਹਾ, "ਸੁਨੀਲ, ਤੇਰੀ ਤਾਂ ਉਹ ਗੱਲ ਹੈ, ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲ਼ੀ।"

2. **ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ** - (ਇਹ ਅਖਾਣ ਉਸ ਨਿਕੰਮੇ ਆਦਮੀ ਲਈ ਵਰਤਿਆ ਜਾਂਦਾ ਹੈ, ਜਿਹੜਾ ਗੱਲਾਂ ਬਹੁਤ ਕਰੇ ਪਰ ਕੋਈ ਕੰਮ ਨਾ ਕਰ ਸਕਦਾ ਹੋਵੇ) ਹਰਪ੍ਰੀਤ ਕਿਤਾਬਾਂ ਨੂੰ ਹੱਥ ਨਹੀਂ ਲਾਉਂਦਾ ਪਰ ਉਹ ਆਪਣੇ ਕਈ ਦੋਸਤਾਂ ਅੱਗੇ ਗੱਪਾਂ ਮਾਰ ਰਿਹਾ ਸੀ ਕਿ ਉਹ ਸਦਾ ਮੈਰਿਟ ਵਿੱਚ ਆਉਂਦਾ ਹੈ। ਇਹ ਗੱਲ ਜਦੋਂ ਮੈਨੂੰ ਪਤਾ ਲੱਗੀ ਤਾਂ ਮੈਂ ਕਿਹਾ, "ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ।"

3. **ਉਲਟੀ ਵਾੜ ਖੇਤ ਨੂੰ ਖਾਏ** — (ਇਹ ਅਖਾਣ ਉਸ ਸਮੇਂ ਵਰਤਿਆ ਜਾਂਦਾ ਹੈ ਜਦੋਂ ਹਾਕਮ ਹੀ ਪਰਜਾ ਨੂੰ ਦੁੱਖ ਦੇਣ ਲੱਗ ਪੈਣ) ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਚਿੱਤਰ ਪੇਸ਼ ਕਰਦਿਆਂ ਭਾਈ ਗੁਰਦਾਸ ਨੇ ਕਿਹਾ ਹੈ ਕਿ ਉਸ ਸਮੇਂ ਦੇ ਹਾਕਮ ਜਨਤਾ 'ਤੇ ਜ਼ੁਲਮ ਕਰਦੇ ਸਨ, ਉਹਨਾਂ ਦੀ ਤਾਂ ਉਲਟੀ ਵਾੜ ਖੇਤ ਨੂੰ ਖਾਣ ਵਾਲ਼ੀ ਗੱਲ ਸੀ।

4. **ਅਕਲ ਦਾ ਅੰਨ੍ਹਾ ਤੇ ਗੰਢ ਦਾ ਪੂਰਾ** — (ਉਹ ਆਦਮੀ ਜਿਹੜਾ ਅਮੀਰ ਹੋਵੇ ਪਰ ਬੇਸਮਝ ਹੋਵੇ) ਚੌਧਰੀ ਹੁਰਾਂ ਨੂੰ ਪਾਰਟੀ ਨੇ ਟਿਕਟ ਤਾਂ ਦਿੱਤੀ ਹੈ ਪਰ ਲੋਕ ਉਸ ਬਾਰੇ ਇਲਾਕੇ ਵਿੱਚ ਇਹ ਆਖਦੇ ਸੁਣੇ ਜਾਂਦੇ ਹਨ ਕਿ ਉਹ ਅਕਲ ਦਾ ਅੰਨ੍ਹਾ ਤੇ ਗੰਢ ਦਾ ਪੂਰਾ ਹੈ। ਉਹ ਲੋਕਾਂ ਦਾ ਕੁਝ ਨਹੀਂ ਸੁਆਰ ਸਕਦਾ।

5. **ਇੱਕ, ਇੱਕ ਤੇ ਦੋ ਗਿਆਰ੍ਹਾਂ** — (ਇਹ ਅਖਾਣ ਏਕਤਾ ਦੀ ਮਹੱਤਤਾ ਦਰਸਾਉਣ ਲਈ ਵਰਤਿਆ ਜਾਂਦਾ ਹੈ) ਘਰ ਵਿੱਚ ਇਕੱਲੀ ਰਹਿੰਦੀ ਬਜ਼ੁਰਗ ਇਸਤਰੀ ਨੇ ਆਪਣੀ ਭੈਣ ਨੂੰ ਆਪਣੇ ਕੋਲ਼ ਇਹ ਕਹਿ ਕੇ ਰੱਖ ਲਿਆ ਕਿ ਇੱਕ, ਇੱਕ ਤੇ ਦੋ ਗਿਆਰ੍ਹਾਂ ਹੁੰਦੇ ਹਨ।

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਢੇਪਲਾ (ਪਟਿ:) 99886-43700

# ਜਮਾਤ -6ਵੀਂ
## ਮੁਹਾਵਰੇ- (1 ਤੋਂ 15)

1. **ਉਸਤਾਦੀ ਕਰਨੀ- (ਚਲਾਕੀ ਕਰਨੀ)** ਸਾਨੂੰ ਕਦੇ ਵੀ ਸਾਊ ਲੋਕਾਂ ਨਾਲ਼ ਉਸਤਾਦੀ ਨਹੀਂ ਕਰਨੀ ਚਾਹੀਦੀ।
2. **ਉੱਲੂ ਬੋਲਣੇ - (ਸੁੰਨਸਾਨ ਹੋਣਾ ਜਾਂ ਉਜਾੜ ਹੋਣਾ)** ਵਿਦੇਸ਼ਾਂ ਵਿੱਚ ਗਏ ਲੋਕਾਂ ਦੇ ਘਰਾਂ ਵਿੱਚ ਉੱਲੂ ਬੋਲਦੇ ਹਨ।
3. **ਉਂਗਲ਼ਾਂ 'ਤੇ ਨਚਾਉਣਾ- (ਕਿਸੇ ਨੂੰ ਵੱਸ ਵਿੱਚ ਰੱਖਣਾ)** ਸੁਲਤਾਨਾ ਸਭ ਨੂੰ ਆਪਣੀਆਂ ਉਂਗਲ਼ਾਂ 'ਤੇ ਨਚਾਉਣਾ ਜਾਣਦੀ ਹੈ।
4. **ਉੱਚਾ-ਨੀਵਾਂ ਬੋਲਣਾ- (ਨਿਰਾਦਰ ਕਰਨਾ)** ਸਿਆਣੇ ਬੱਚੇ ਆਪਣੇ ਤੋਂ ਵੱਡਿਆਂ ਸਾਮ੍ਹਣੇ ਕਦੇ ਵੀ ਉੱਚਾ-ਨੀਵਾਂ ਨਹੀਂ ਬੋਲਦੇ।
5. **ਉੱਲੂ ਸਿੱਧਾ ਕਰਨਾ- (ਮਤਲਬ ਕੱਢਣਾ)** ਸੁਆਰਥੀ ਲੋਕ ਆਪਣਾ ਉੱਲੂ ਸਿੱਧਾ ਕਰਕੇ ਤੁਰਦੇ ਬਣਦੇ ਹਨ।
6. **ਉੱਘ-ਸੁੱਘ ਨਾ ਮਿਲ਼ਨਾ- (ਪਤਾ ਨਾ ਲੱਗਣਾ)** ਗਿਆਨ ਸਿੰਘ ਦੇ ਗੁਆਚੇ ਹੋਏ ਪੁੱਤਰ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲ਼ੀ।
7. **ਉੱਨੀ-ਇੱਕੀ ਦਾ ਫ਼ਰਕ ਹੋਣਾ- (ਬਹੁਤ ਥੋੜ੍ਹਾ ਫ਼ਰਕ)** ਅੰਬਰ ਤੇ ਮਨੀ ਬੇਸ਼ੱਕ ਜੌੜੀਆਂ ਭੈਣਾਂ ਹਨ ਪਰ ਉਹਨਾਂ ਦੇ ਸੁਭਾਅ 'ਚ ਉੱਨੀ-ਇੱਕੀ ਦਾ ਫ਼ਰਕ ਤਾਂ ਹੈ।
8. **ਉੱਸਲਵੱਟੇ ਭੰਨਣੇ- (ਸੁਸਤੀ ਵਿੱਚ ਪਾਸੇ ਮਾਰਨਾ)** ਰਾਜੂ ਐਵੇਂ ਉੱਸਲ਼ਵੱਟੇ ਨਾ ਭੰਨੀ ਜਾ, ਛੇਤੀ ਕੰਮ ਕਰ।
9. **ਅਸਮਾਨ ਸਿਰ 'ਤੇ ਚੁੱਕਣਾ- (ਬਹੁਤ ਰੌਲ਼ਾ ਪਾਉਣਾ)** ਅਧਿਆਪਕ ਦੇ ਬਾਹਰ ਜਾਂਦਿਆਂ ਹੀ ਵਿਦਿਆਰਥੀਆਂ ਨੇ ਅਸਮਾਨ ਸਿਰ 'ਤੇ ਚੁੱਕ ਲਿਆ।
10. **ਅੱਖਾਂ ਚੁਰਾਉਣਾ- (ਸ਼ਰਮ ਮਹਿਸੂਸ ਕਰਨੀ)** ਕੋਈ ਅਜਿਹਾ ਕੰਮ ਨਾ ਕਰੋ, ਜਿਸ ਕਰਕੇ ਆਪਣੇ ਆਪ ਤੋਂ ਹੀ ਅੱਖਾਂ ਚੁਰਾਉਣੀਆਂ ਪੈ ਜਾਣ।
11. **ਅੱਖਾਂ ਵਿੱਚ ਰੜਕਣਾ - (ਬੁਰਾ ਲੱਗਣਾ)** ਚੰਗੇ ਇਨਸਾਨ ਹਮੇਸ਼ਾਂ ਗ਼ਲਤ ਲੋਕਾਂ ਦੀਆਂ ਅੱਖਾਂ ਵਿੱਚ ਰੜਕਦੇ ਹਨ।
12. **ਅੱਖਾਂ ਉੱਤੇ ਬਿਠਾਉਣਾ- (ਆਦਰ ਕਰਨਾ)** ਘਰ ਆਏ ਮਹਿਮਾਨ ਨੂੰ ਅੱਖਾਂ ਉੱਤੇ ਬਿਠਾਉਣਾ ਪੰਜਾਬੀਆਂ ਦੀ ਖ਼ਾਸੀਅਤ ਹੈ।
13. **ਅਕਲ ਦਾ ਵੈਰੀ- (ਮੂਰਖ)** ਅਜੀਤ ਤਾਂ ਅਕਲ ਦਾ ਵੈਰੀ ਹੈ। ਕਦੇ ਕੋਈ ਸਮਝਦਾਰੀ ਦੀ ਗੱਲ ਹੀ ਨਹੀਂ ਕਰਦਾ।
14. **ਅੱਖਾਂ ਵਿੱਚ ਘੱਟਾ ਪਾਉਣਾ- (ਧੋਖਾ ਦੇਣਾ)** ਚੋਰ ਸਿਪਾਹੀ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਭੱਜ ਗਿਆ।
15. **ਅੱਖਾਂ ਮੀਟ ਜਾਣਾ - (ਮਰ ਜਾਣਾ)** ਗੀਤਾ ਪੰਜ ਸਾਲ ਦੀ ਸੀ ਜਦੋਂ ਉਸ ਦੇ ਪਿਤਾ ਜੀ ਅੱਖਾਂ ਮੀਟ ਗਏ।

ਪੰਜਾਬ ਸਕੂਲ ਸਿੱਖਿਆ ਵਿਭਾਗ

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ ਸਕੂਲ,ਦੇਧਨਾ
99886-43700

ਇਸ ਕੋਡ ਨੂੰ ਸਕੈਨ ਕਰਕੇ PUNJAB EDUCARE ਐਪ ਡਾਊਨਲੋਡ ਕਰੋ ਤੇ ਸਾਰਾ Study Matetrial ਘਰ ਬੈਠੇ ਪ੍ਰਾਪਤ ਕਰੋ।